# ਭੂਮਿਕਾ

ਪ੍ਰੇਮ ਪ੍ਰਕਾਸ਼ ਪੰਜਾਬੀ ਗਲਪ ਖੇਤਰ ਵਿਚ ਸਥਾਪਿਤ ਨਵੀਨ ਗਲਪਕਾਰ ਹੈ। ਮਨੁੱਖੀ ਮਨ ਦੀਆਂ ਪਰਤਾਂ ਨੂੰ ਸਾਹਿਤਕ ਕਿਰਤਾਂ ਵਿਚ ਵਿਸਥਾਰ ਸਹਿਤ ਸਮਝਣ ਅਤੇ ਉਲੇਖਣ ਦਾ ਉਪਰਾਲਾ ਪੰਜਾਬੀ ਦੇ ਦੂਸਰੇ ਗਲਪਕਾਰਾਂ ਨੇ ਵੀ ਕੀਤਾ ਹੈ ਪ੍ਰੰਤੂ ਹਰੇਕ ਦੀ ਆਪਣੀ ਵੱਖਰੀ ਵਿਧਾ ਹੈ। ਦੂਸਰੇ ਗਲਪਕਾਰ ਸਮਾਜਿਕ, ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਲਿੱਬਦੇ ਪੋਚਦੇ ਹਨ, ਪ੍ਰੇਮ ਪ੍ਰਕਾਸ਼ ਸਮਾਜਿਕ ਸਭਿਆਚਾਰਕ ਸਬੰਧਾਂ ਉਪਰ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਉਹ ਸਮਾਜਿਕ ਗਤੀਵਿਧੀਆਂ ਦੌਰਾਨ ਵਿਚਰਦੇ ਮਨੁੱਖੀ ਮਾਨਸਿਕ ਵਰਤਾਰਿਆਂ ਦੇ ਸੰਦਰਭ ਵਿੱਚ ਪਰਾ-ਸਬੰਧਾਂ ਦੀ ਚਰਚਾ ਕਰਦਾ ਹੈ। ਪ੍ਰੇਮ ਪ੍ਰਕਾਸ਼ ਦੇ ਗਲਪ ਵਿਚ ਪਰਾ ਸਬੰਧ ਉਹ ਸਬੰਧ ਹਨ ਜਿਨ੍ਹਾਂ ਦਾ ਪੰਜਾਬੀ ਸਭਿਆਚਾਰ ਵਿਚ ਕੋਈ ਨਾਮ ਨਹੀਂ ਹੈ ਅਤੇ ਨਾ ਹੀ ਉਹਨਾਂ ਸਬੰਧਾਂ ਨੂੰ ਕੋਈ ਸਮਾਜਿਕ ਪ੍ਰਵਾਨਗੀ ਪ੍ਰਾਪਤ ਹੈ। ਇਹ ਸਬੰਧ ਸਮਾਜ ਵਿਚ ਨਜਾਇਜ਼ ਸਬੰਧਾਂ ਦੇ ਨਾਮ ਨਾਲ ਜਾਣੇ ਜਾਂਦੇ ਹਨ।

ਪ੍ਰੇਮ ਪ੍ਰਕਾਸ਼ ਦੀਆਂ ਗਲਪ ਰਚਨਾਵਾਂ ਉਪਰ ਵਿਸ਼ੇਸ਼ ਖੋਜ ਦੇ ਯਤਨ ਆਰੰਭ ਹੋ ਚੁੱਕੇ ਹਨ। ਇਹ ਕਾਰਜ ਦੋ ਪ੍ਰਕਾਰ ਦਾ ਹੈ। ਇਕ ਤਾਂ ਵਿਦਵਾਨਾਂ ਵੱਲੋਂ ਭਿੰਨ-ਭਿੰਨ ਪੱਖਾਂ ਤੋਂ ਪੁਸਤਕਾਂ ਅਤੇ ਪੇਪਰ ਲਿਖੇ ਗਏ। ਦੂਸਰਾ, ਐਮ. ਫਿਲ ਪੱਧਰ ਦੇ ਖੋਜ ਨਿਬੰਧ ਵਧੇਰੇ ਹੋਂਦ ਵਿਚ ਆਏ ਹਨ। ਪ੍ਰੇਮ ਪ੍ਰਕਾਸ਼ ਸਬੰਧੀ ਪਹਿਲਾ ਕਾਰਜ ਡਾ. ਹਰਿਭਜਨ ਸਿੰਘ ਦੁਆਰਾ 'ਖਾਮੋਸ਼ੀ ਦਾ ਜਜ਼ੀਰਾ' ਪੁਸਤਕ ਦੇ ਰੂਪ ਵਿਚ ਸਾਹਮਣੇ ਆਇਆ ਹੈ। ਜਿਸ ਵਿਚ ਉਹਨਾਂ ਨੇ ਇਕ ਕਹਾਣੀ 'ਸ਼੍ਵੇਤਾਂਬਰ ਨੇ ਕਿਹਾ ਸੀ' ਦਾ ਬਿਰਤਾਂਤ ਸ਼ਾਸਤਰੀ ਅਧਿਐਨ ਪੇਸ਼ ਕੀਤਾ ਹੈ। ਇਸ ਵਿਚ ਰਚਨਾ ਦੇ ਵਿਭਿੰਨ ਕੋਡ ਅਤੇ ਉਹਨਾਂ ਦੇ ਆਧਾਰ ਤੇ ਬਣਦਾ ਰੂਪ ਹਰਿਭਜਨ ਸਿੰਘ ਦੇ ਅਧਿਐਨ ਵਿਸ਼ਲੇਸ਼ਣ ਵਿਚ ਆਇਆ ਹੈ। ਇਹ ਬਹੁਤ ਮੌਲਿਕ ਅਤੇ ਮਿਆਰੀ ਖੋਜ ਕਾਰਜ ਹੈ। ਪੰਜਾਬੀ ਆਲੋਚਨਾਂ ਦੇ ਖੇਤਰ ਵਿਚ ਇਹ ਕਾਰਜ ਖੋਜ ਦੀਆਂ ਨਵੀਆਂ ਦਿਸ਼ਾਵਾਂ ਨੂੰ ਉਜਾਗਰ ਕਰਦਾ ਹੈ। ਲੋੜ ਇਸ ਗੱਲ ਦੀ ਹੈ ਕਿ ਇਸ ਅੰਤਰ ਦ੍ਰਿਸ਼ਟੀ ਦੇ ਆਧਾਰ ਉਪਰ ਪ੍ਰੇਮ ਪ੍ਰਕਾਸ਼ ਦੇ ਸਮੁੱਚੇ ਗਲਪ ਸਾਹਿਤ ਦਾ ਅਧਿਐਨ ਕੀਤਾ ਜਾਵੇ। ਪ੍ਰੇਮ ਪ੍ਰਕਾਸ਼ ਸਬੰਧੀ ਇਕ ਹੋਰ ਪੁਸਤਕ 'ਕਹਾਣੀਕਾਰ ਪ੍ਰੇਮ ਪ੍ਰਕਾਸ਼' ਡਾ. ਬਿਕਰਮ ਸਿੰਘ ਘੁੰਮਣ ਦੁਆਰਾ ਸੰਪਾਦਿਤ ਕੀਤੀ ਗਈ ਹੈ। ਇਸ ਵਿਚ ਵੱਖ ਵੱਖ ਲੇਖਕਾਂ ਦੇ ਲੇਖ ਦਰਜ ਹਨ ਅਤੇ ਹਰ ਇਕ ਨੇ ਵੱਖਰੀ ਵੱਖਰੀ ਪਹੁੰਚ ਵਿਧੀ ਅਪਣਾਈ ਹੈ। ਇਹ ਸੰਪਾਦਨਾ ਵਧੇਰੇ ਕਰਕੇ ਵਿਦਿਆਰਥੀਆਂ ਦੀ ਲੋੜ ਨੂੰ ਮੁੱਖ ਰੱਖ ਕੇ ਕੀਤੀ ਗਈ। ਅਤੈ ਸਿੰਘ ਦੀ ਇਕ ਪੁਸਤਕ 'ਪ੍ਰੇਮ ਪ੍ਰਕਾਸ਼ ਦੀ ਕਥਾ ਵਿਧੀ' ਉਸਦੇ ਖੋਜ ਨਿਬੰਧ ਦਾ ਪ੍ਰਕਾਸ਼ਿਤ ਰੂਪ ਹੈ ਜਿਸ ਵਿਚ ਪ੍ਰੇਮ ਪ੍ਰਕਾਸ਼ ਦੀ ਰਚਨਾ ਸਬੰਧੀ ਅਰਥ ਸੰਚਾਰ ਅਤੇ ਮਨੋਵਿਗਿਆਨ ਦੇ ਮੁੱਢਲੇ ਸੰਕਲਪਾਂ ਦੇ ਆਧਾਰ ਤੇ ਚਰਚਾ ਕੀਤੀ ਗਈ ਹੈ। ਪ੍ਰੇਮ ਪ੍ਰਕਾਸ਼ ਦੀ ਗਾਲਪਨਿਕ ਪਰਪੱਕਤਾ ਨੂੰ ਦੇਖਦੇ ਹੋਏ ਇਹ ਖੋਜ ਕਾਰਜ ਸੀਮਤ ਹੈ। ਇਸ ਲਈ ਪ੍ਰੇਮ ਪ੍ਰਕਾਸ਼ ਦੀਆਂ ਗਲਪ ਰਚਨਾਵਾਂ ਉਪਰ ਖੋਜ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਇਸ ਗੱਲ ਨੂੰ ਮੁੱਖ ਰੱਖ ਕੇ ਹਥਲਾ ਉਦਮ ਅਰੰਭਿਆ ਗਿਆ।

ਉਪਰੋਕਤ ਵਿਸ਼ੇ ਦੀ ਚੋਣ ਦਾ ਮੰਤਵ ਪ੍ਰੇਮ ਪ੍ਰਕਾਸ਼ ਦੇ ਕਥਾ ਸਹਿਤ ਸਮੇਤ ਨਾਵਲ 'ਦਸਤਾਵੇਜ਼' ਦੀ ਗਲਪ ਵਿਧੀ ਅਤੇ ਬਿਰਤਾਂਤਕ ਦ੍ਰਿਸ਼ਟੀ ਦਾ ਅਧਿਐਨ ਉਸਦੀ ਵਿਚਾਰਧਾਰਕ ਚੇਤਨਾ ਦੇ ਪ੍ਰਸੰਗ ਵਿਚ ਕਰਨ ਦਾ ਹੈ। ਪ੍ਰੇਮ ਪ੍ਰਕਾਸ਼ ਪ੍ਰਮੁੱਖ ਤੌਰ ਤੇ ਨੈਤਿਕ ਕੀਮਤਾਂ ਦੇ ਦਵੰਦ ਤੋਂ ਉਤਪੰਨ ਮਾਨਸਿਕ ਕਲੇਸ਼ ਨੂੰ ਪੇਸ਼ ਕਰਨ ਵਾਲਾ ਗਲਪਕਾਰ ਹੈ। ਮਾਨਸਿਕ ਅਤੇ ਸਮਾਜਿਕ ਕੀਮਤਾਂ ਦੇ ਟਕਰਾਓ ਵਿਚੋਂ ਉਸਦੀ ਗਲਪ ਚੇਤਨਾ ਉਜਾਗਰ ਹੁੰਦੀ ਹੈ। ਪ੍ਰੇਮ ਪ੍ਰਕਾਸ਼ ਦੀਆਂ ਰਚਨਾਵਾਂ ਦੇ ਅਧਿਐਨ ਸਮੇਂ ਇਹ ਦੋਵੇਂ ਪਾਸਾਰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਏਥੇ ਰੂਪ ਅਤੇ ਵਸਤੂ ਨੂੰ ਸਾਂਝੇ ਤੌਰ ਤੇ ਅਧਿਐਨ ਦਾ ਵਿਸ਼ਾ ਬਣਾਇਆ ਜਾਵੇਗਾ। ਪ੍ਰਸਤੁਤ ਰੂਪ ਰੇਖਾ ਵੀ ਇਸੇ ਦ੍ਰਿਸ਼ਟੀ ਤੋਂ ਉਲੀਕੀ ਗਈ ਹੈ।

ਇਸ ਕਾਰਜ ਵਿਚ ਪ੍ਰੇਮ ਪ੍ਰਕਾਸ਼ ਦੀਆਂ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਗਲਪ ਰਚਨਾਵਾਂ ਨੂੰ ਆਧਾਰ ਬਣਾ ਕੇ ਰਚਨਾ ਪ੍ਰਕਿਰਿਆ ਵਿਚ ਕਾਰਜ ਕਰ ਰਹੀਆਂ ਅੰਤਰ ਦ੍ਰਿਸ਼ਟੀਆਂ ਨੂੰ ਪੜਚੋਲਨ ਦਾ ਯਤਨ ਕੀਤਾ ਗਿਆ ਹੈ।

ਮਨੁੱਖੀ ਕਾਰ ਵਿਹਾਰ ਵਿਚ ਚੌਗਿਰਦੇ ਦਾ ਪ੍ਰਭਾਵ ਪਰਤ ਦਰ ਪਰਤ ਮਨੁੱਖ ਦੇ ਅਚੇਤ ਮਨ ਵਿਚ ਵਸਦਾ ਜਾਂਦਾ ਹੈ ਅਤੇ ਨਾਲ ਹੀ ਨਾਲ ਇਹਨਾਂ ਪਰਤਾਂ ਦਾ ਪ੍ਰਗਟਾਵਾ ਅਚੇਤ-ਸੁਚੇਤ ਰੂਪ ਵਿਚ ਰੋਜ਼ਾਨਾ ਜ਼ਿੰਦਗੀ ਵਿਚ ਹੁੰਦਾ ਰਹਿੰਦਾ ਹੈ। ਪ੍ਰੇਮ ਪ੍ਰਕਾਸ਼ ਦੀ ਗਲਪ ਚੇਤਨਾ ਮਨੁੱਖੀ ਮਨ ਉਪਰ ਪਈਆਂ ਪਰਤਾਂ ਨੂੰ ਗਾਲਪਨਿਕ ਰੂਪ ਦੇਣ ਵਿੱਚ ਕਿਥੋਂ ਤੱਕ ਸਫਲ ਹੋਇਆ ਹੈ ਇਸ ਦੀ ਪਰਖ ਕਰਨਾ ਵੀ ਇਸ ਖੋਜ ਕਾਰਜ ਦਾ ਮੁੱਖ ਖਾਸਾ ਹੈ।

ਇਸ ਅਧਿਐਨ ਵਿਧੀ ਅੰਦਰ ਪ੍ਰੇਮ ਪ੍ਰਕਾਸ਼ ਦੀ ਰਚਨਾ ਪ੍ਰਕਿਰਿਆ ਨੂੰ ਕੇਵਲ ਇਕ ਕਲਾ ਕ੍ਰਿਤ ਦੇ ਪੱਖ ਤੋਂ ਹੀ ਗ੍ਰਹਿਣ ਨਹੀਂ ਕੀਤਾ ਗਿਆ ਬਲਕਿ ਇਸ ਦੀ ਮਹੱਤਤਾ ਨੂੰ ਸਮਾਜਿਕ ਸਾਰਥਕਤਾ ਦੇ ਰੂਪ ਵਿਚ ਵੀ ਪ੍ਰਵਾਨ ਕੀਤਾ ਗਿਆ ਹੈ। ਗਲਪ ਰਚਨਾਵਾਂ ਦੀ ਅੰਤਰੀਵ ਸੰਰਚਨਾ ਦਾ ਅਧਿਐਨ ਵਿਸ਼ਲੇਸ਼ਣ ਕਰਦਿਆਂ ਸੁਚੇਤ ਪੱਧਰ ਉੱਤੇ ਵਸਤੂ ਜਗਤ ਨਾਲ ਇਨ੍ਹਾਂ ਦੇ ਅੰਤਰ-ਸਬੰਧਾਂ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ। ਇਸ ਅਧਿਐਨ ਰਾਹੀਂ ਪੰਜਾਬੀ ਗਲਪ ਦੀ ਵਿਕਾਸ ਰੇਖਾ ਦੇ ਨਾਲ ਨਾਲ ਸਾਂਸਕ੍ਰਿਤਕ ਚੇਤਨਾ ਦੀ ਵਿਕਾਸ ਰੇਖਾ ਨੂੰ ਵੀ ਉਲੀਕਣ ਦਾ ਯਤਨ ਕੀਤਾ ਗਿਆ। ਇਸ ਖੋਜ ਕਾਰਜ ਵਿਚ ਕਲਾ ਅਤੇ ਸਮਾਜ ਦੇ ਸੰਤੁਲਨ ਨੂੰ ਬਰਕਰਾਰ ਰੱਖਦਿਆਂ ਪ੍ਰੇਮ ਪ੍ਰਕਾਸ਼ ਦੀ ਗਲਪ ਚੇਤਨਾ ਨੂੰ ਪਛਾਣਿਆ ਗਿਆ ਹੈ।

ਵਿਵਹਾਰਕ ਵਿਸ਼ਲੇਸ਼ਣ ਪ੍ਰਤੀ ਕਾਰਜਸ਼ੀਲ ਹੋਣ ਤੋਂ ਪਹਿਲਾਂ ਲੋੜੀਂਦੇ ਕ੍ਰਮ ਅਨੁਸਾਰ ਸਿਧਾਂਤਕ ਚੌਖਟਾ ਪੇਸ਼ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿਚ ਪੰਜਾਬੀ ਗਲਪ ਚੇਤਨਾ ਦੇ ਸੰਦਰਭ ਵਿਚ ਪ੍ਰੇਮ ਪ੍ਰਕਾਸ਼ ਦੀ ਗਲਪ ਚੇਤਨਾ ਦੇ ਸਮਾਜਿਕ, ਸਭਿਆਚਾਰਕ ਅਤੇ ਸਾਹਿਤਕ ਪਰਿਪੇਖ ਨੂੰ ਵਿਚਾਰਿਆ ਗਿਆ ਹੈ। ਦੂਸਰੇ ਅਧਿਆਇ ਵਿਚ ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਪ੍ਰੇਮ ਪ੍ਰਕਾਸ਼ ਦੇ ਗਲਪ ਪ੍ਰਵਚਨ ਦੀ ਮਹੱਤਤਾ ਅਤੇ

ਸਾਰਥਿਕਤਾ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਤੀਸਰੇ ਅਧਿਆਇ ਵਿਚ ਪ੍ਰੇਮ ਪ੍ਰਕਾਸ਼ ਦੇ ਗਲਪ ਵਿਚ ਲਿੰਗਕ ਚੇਤਨਾ ਦੇ ਸਰੂਪ ਅਤੇ ਸੁਭਾਵ ਨੂੰ ਪ੍ਰਸਤੁਤ ਕਰਨ ਲਈ ਸਿਧਾਂਤਿਕ ਚੌਖਟੇ ਦੇ ਨਾਲ ਪ੍ਰੇਮ ਪ੍ਰਕਾਸ਼ ਦੇ ਗਲਪ ਅੰਦਰ ਇਸਤਰੀ ਅਤੇ ਮਰਦ ਦੇ ਲਿੰਗਕ ਸਰੂਪ ਦੀ ਚਰਚਾ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਕੀਤੀ ਗਈ ਹੈ। ਚੌਥੇ ਅਧਿਆਇ ਵਿਚ ਪ੍ਰੇਮ ਪ੍ਰਕਾਸ਼ ਦੀਆਂ ਪ੍ਰਮੁੱਖ ਕਹਾਣੀਆਂ ਡੈੱਡ-ਲਾਈਨ, ਘਰ, ਕਪਾਲ ਕਿਰਿਆ ਅਤੇ 'ਮਿਸ਼ਨ ਕੰਪਾਊਂਡ' ਦਾ ਅਧਿਐਨ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਕਹਾਣੀਆਂ ਦੀ ਵਿਸ਼ੇ ਅਤੇ ਰੂਪ ਪੱਖੋਂ ਵੱਖਰੀ-ਵੱਖਰੀ ਪਹਿਚਾਣ ਹੈ। ਪੰਜਵੇਂ ਅਧਿਆਇ ਵਿਚ ਪ੍ਰੇਮ ਪ੍ਰਕਾਸ਼ ਦੇ ਨਾਵਲ 'ਦਸਤਾਵੇਜ਼' ਦੇ ਅਧਿਐਨ ਲਈ ਜਿਥੇ ਨਕਸਲਬਾੜੀ ਲਹਿਰ ਦੇ ਪਿਛੋਕੜ ਉਪਰ ਝਾਤ ਪਾਈ ਗਈ ਹੈ, ਉਥੇ ਨਕਸਲਬਾੜੀ ਲਹਿਰ ਨੂੰ ਆਧਾਰ ਬਣਾ ਕੇ ਲਿਖੇ ਗਏ ਜਸਵੰਤ ਸਿੰਘ ਕੰਵਲ ਦੇ ਪ੍ਰਸਿੱਧ ਨਾਵਲ 'ਲਹੂ ਦੀ ਲੋਅ' ਨਾਲ 'ਦਸਤਾਵੇਜ਼' ਦਾ ਟਾਕਰਾ ਕਰਕੇ ਇਹਨਾਂ ਦੀ ਆਪਸੀ ਪਿੱਠ ਭੂਮੀ ਦੀ ਸਾਂਝ ਦੇ ਬਾਵਜੂਦ ਪੇਸ਼ਕਾਰੀ ਦੀ ਵੱਖਰਤਾ ਨੂੰ ਪਰਖਣ ਦਾ ਯਤਨ ਕੀਤਾ ਗਿਆ ਹੈ। ਛੇਵੇਂ ਅਧਿਆਇ ਵਿਚ ਪ੍ਰੇਮ ਪ੍ਰਕਾਸ਼ ਦੀ ਬਿਰਤਾਂਤ ਵਿਧੀ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿਚ ਬਿਰਤਾਂਤ ਸ਼ਾਸਤਰ ਬਾਰੇ ਸੰਖੇਪ ਚਰਚਾ ਤੋਂ ਬਾਅਦ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਬਿਰਤਾਂਤਕ ਦ੍ਰਿਸ਼ਟੀ, ਬਿਰਤਾਂਤਕ ਜੁਗਤਾਂ ਅਤੇ ਰੂੜੀਆਂ ਦਾ ਅਧਿਐਨ ਉਸਦੀ ਵਿਚਾਰਧਾਰਕ ਚੇਤਨਾ ਦੇ ਪ੍ਰਸੰਗ ਵਿਚ ਪੇਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਅੰਤ ਵਿਚ ਸਮੁੱਚੇ ਖੋਜ ਕਾਰਜ ਦਾ ਨਿਸ਼ਕਰਸ਼ ਪ੍ਰਸਤੁਤ ਕੀਤਾ ਗਿਆ ਹੈ।

ਇਸ ਸਮੁੱਚੇ ਕਾਰਜ ਨੂੰ ਨੇਪਰੇ ਚੜ੍ਹਾਉਣ ਸਮੇਂ ਮੈਨੂੰ ਆਪਣੀ ਵਿਦਵਤਾ ਦੇ ਸੀਮਤ ਹੋਣ ਬਾਰੇ ਕੋਈ ਭੁਲੇਖਾ ਨਹੀਂ ਹੈ, ਮੇਰੀ ਖੋਜ ਕਾਰਜ ਦੀ ਸਫਲਤਾ-ਅਸਫਲਤਾ ਦਾ ਨਿਰਣਾ ਸੂਝਵਾਨ ਪਾਠਕ ਅਤੇ ਆਲੋਚਕ ਕਰ ਸਕਦੇ ਹਨ। ਮੇਰਾ ਸਮੁੱਚਾ ਯਤਨ ਪ੍ਰੇਮ ਪ੍ਰਕਾਸ਼ ਦੀ ਕਹਾਣੀ ਨੂੰ ਨਿੰਦਣ ਸਲਾਹੁਣ ਦਾ ਨਹੀਂ ਬਲਕਿ ਮੇਰਾ ਯਤਨ ਰਚਨਾ ਵਿਚ ਜੋ ਪੇਸ਼ ਹੈ ਉਸ ਨੂੰ ਪਛਾਣਨਾ ਹੈ। ਇਸ ਕਾਰਜ ਦੀ ਉਚਿੱਤਤਾ ਬਾਰੇ ਮੈਂ ਕੋਈ ਦਾਅਵਾ ਨਹੀਂ ਕਰਦੀ। ਇਸ ਸ਼ੋਧ ਪ੍ਰਬੰਧ ਦੀ ਪ੍ਰਾਪਤੀ ਚੇਤੰਨ ਦੋਸਤਾਂ ਅਤੇ ਵਿਦਵਾਨਾਂ ਦੇ ਦਿਸ਼ਾ ਨਿਰਦੇਸ਼ਨ, ਸੁਝਾਅ ਅਤੇ ਟਿੱਪਣੀਆਂ ਦੇ ਸਦਕਾ ਮੁਕੰਮਲ ਹੋਈ ਹੈ। ਇਸ ਦੀ ਕਿਸੇ ਪੱਖ ਤੋਂ ਘਾਟ ਮੇਰੀ ਨਿੱਜੀ ਕਮਜ਼ੋਰੀ ਜਾਂ ਸੀਮਤ ਬੁੱਧੀ ਹੋਵੇਗੀ।

ਮੈਂ ਆਪਣੇ ਨਿਗਰਾਨ ਡਾ. ਦੀਪਕ ਮਨਮੋਹਨ ਸਿੰਘ ਜੀ ਦੀ ਤਹਿ ਦਿਲ ਤੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਦੀ ਨਿਰੰਤਰ ਪ੍ਰੇਰਣਾ ਅਤੇ ਸੁਯੋਗ ਅਗਵਾਈ ਅਧੀਨ ਆਪਣਾ ਖੋਜ ਕਾਰਜ ਸੰਪੂਰਨ ਕੀਤਾ ਹੈ। ਉਹਨਾਂ ਨੇ ਆਪਣੇ ਰੁਝੇਵਿਆਂ ਭਰੇ ਜੀਵਨ ਵਿੱਚੋਂ ਵੱਧ ਤੋਂ ਵੱਧ ਸਮਾਂ ਦੇ ਕੇ ਮੇਰੇ ਖੋਜ ਕਾਰਜ ਨੂੰ ਸਫਲ ਬਣਾਉਣ ਵਿਚ ਕੇਂਦਰੀ ਭੂਮਿਕਾ ਨਿਭਾਈ ਹੈ।

ਮੈਂ ਡਾ. ਹਰਿਭਜਨ ਸਿੰਘ (ਰਿਟਾਇਰਡ ਪ੍ਰੋ. ਦਿੱਲੀ ਯੂਨੀਵਰਸਿਟੀ) ਅਤੇ ਡਾ. ਦਲਜੀਤ ਸਿੰਘ (ਰਿਟਾਇਰਡ ਪ੍ਰੋ. ਗੁਰੂ ਨਾਨਕ ਦੇਵ ਯੂਨੀਵਰਸਿਟੀ) ਦੀ ਅਤਿ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੀ ਵਡਮੁੱਲੀ ਰਾਏ ਦੇ ਕੇ ਮੇਰਾ ਮਾਰਗ ਦਰਸ਼ਨ ਕੀਤਾ ਹੈ। ਇਹਨਾਂ ਵਿਦਵਾਨਾਂ ਦੇ ਵਿਚਾਰ ਮੇਰੀ ਪ੍ਰੇਰਣਾ ਦਾ ਸੋਮਾ ਬਣੇ ਅਤੇ ਮੇਰੀ ਖੋਜ ਕਾਰਜ ਦੀ ਰੂਪ ਰੇਖਾ ਨਿਸ਼ਚਿਤ ਕਰਨ ਵਿਚ ਸਹਾਇਕ ਸਿੱਧ ਹੋਏ ਹਨ।

**ਚੰਡੀਗੜ੍ਹ** **(ਬਲਜਿੰਦਰ ਕੌਰ)**